



## ਪੰਜਾਬ ਪੱਛੜੀਆਂ ਸ਼੍ਰੇਣੀਆਂ ਅਤੇ ਭੌਂ ਵਿਕਾਸ ਵਿਭਾਗ

ਇਸ ਕਾਰਪੋਰੇਸ਼ਨ ਨੂੰ ਸੰਖੇਪ ਵਿਚ ਬੈਕਫਿੰਕੋ ਵੀ ਕਹਿੰਦੇ ਹਨ। ਇਸ ਜ਼ਿਲ੍ਹੇ ਵਿਚ ਬੈਕਫਿੰਕੋ ਦਾ ਇਹ ਦਫ਼ਤਰ ਜ਼ਿਲ੍ਹਾ ਫੀਲਡ ਅਫ਼ਸਰ ਦੀ ਅਗਵਾਈ ਅਤੇ ਨਿਗਰਾਨੀ ਹੇਠ ਮੁਹੱਲਾ ਕਮਾਲਪੁਰ, ਧੋਬੀਆਂ ਵਾਲੀ ਗਲੀ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਪੰਜਾਬ ਸਰਕਾਰ ਨੇ ਬੈਕਫਿੰਕੋ ਦੀ ਸਥਾਪਨਾ 1976 ਵਿਚ ਰਾਜ ਦੀਆਂ ਪੱਛੜੀਆਂ ਸ਼੍ਰੇਣੀਆਂ ਦਾ ਆਰਥਿਕ ਮਿਆਰ ਉਚਾ ਚੁੱਕਣ ਦੇ ਮਨੋਰਥ ਨਾਲ ਕੀਤੀ ਸੀ। ਇਸ ਕਾਰਪੋਰੇਸ਼ਨ ਵਲੋਂ ਸਵੈ ਰੁਜ਼ਗਾਰ ਸਕੀਮਾਂ ਲਈ ਘੱਟ ਵਿਆਜ਼ ਦਰਾਂ ਤੇ ਕਰਜ਼ੇ ਦਿੱਤੇ ਜਾਂਦੇ ਹਨ। ਸਾਲ 1992 ਵਿਚ ਭਾਰਤ ਸਰਕਾਰ ਨੇ ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ.ਬੀ.ਸੀ.ਐਫ.ਡੀ.ਸੀ.) ਦੀ ਸਥਾਪਨਾ ਕੀਤੀ ਸੀ, ਜਿਸਦੇ ਸਹਿਯੋਗ ਨਾਲ ਪੱਛੜੀਆਂ ਸ਼੍ਰੇਣੀਆਂ ਲਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਸਾਲ 1995 ਵਿਚ ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਐਨ.ਐਮ.ਡੀ.ਐਫ.ਸੀ.) ਦੀ ਸਥਾਪਨਾ ਉਪਰੰਤ ਘੱਟ ਗਿਣਤੀ ਵਰਗ (ਸਿੱਖ, ਮੁਸਲਮਾਨ, ਇਸਾਈ, ਪਾਰਸੀ ਅਤੇ ਬੋਧੀ) ਦਾ ਆਰਥਿਕ ਮਿਆਰ ਉੱਚਾ ਚੁੱਕਣ ਲਈ ਰਾਸ਼ਟਰੀ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਸਵੈ ਰੁਜ਼ਗਾਰ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

**ਕਰਜ਼ਾ ਲੈਣ ਲਈ ਯੋਗਤਾਵਾਂ**

ਪੰਜਾਬ ਸਰਕਾਰ ਵਲੋਂ ਘੋਸ਼ਿਤ ਪੱਛੜੀਆਂ ਸ਼੍ਰੇਣੀਆਂ ਜਾਂ ਭਾਰਤ ਸਰਕਾਰ ਵਲੋਂ ਘੋਸ਼ਿਤ ਘੱਟ ਗਿਣਤੀ ਵਰਗ ਦਾ ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੋਵੇ ਤੇ ਸਲਾਨਾ ਪਰਿਵਾਰਿਕ ਆਮਦਨ ਪੇਂਡੂ ਇਲਾਕਿਆਂ ਵਿਚ 31952/- ਰੁਪਏ ਤੇ ਸ਼ਹਿਰੀ ਇਲਾਕਿਆਂ ਵਿਚ 42412/- ਰੁਪਏ ਤੋਂ ਘੱਟ ਹੋਵੇ, ਕਰਜ਼ਾ ਲੈਣ ਦੇ ਯੋਗ ਹੈ।

**ਕਰਜ਼ਾ ਪ੍ਰਾਪਤ ਕਰਨ ਦੀ ਵਿਧੀ**

ਉਪਰੋਕਤ ਯੋਗਤਾਵਾਂ ਰੱਖਣ ਵਾਲੇ ਵਿਅਕਤੀ ਬੈਕਫਿੰਕੋ ਦੇ ਸਾਰੇ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਦਫ਼ਤਰਾਂ ਤੋਂ ਕਰਜ਼ਾ ਲੈਣ ਲਈ ਨਿਰਧਾਰਿਤ ਫਾਰਮ ਪ੍ਰਾਪਤ ਕਰ ਸਕਦੇ ਹਨ। ਫਾਰਮ ਮੁਫ਼ਤ ਮਿਲਦੇ ਹਨ। ਕਰਜ਼ਾ ਫਾਰਮ ਨਾਲ ਹੇਠ ਲਿਖੇ ਦਸਤਾਵੇਜ਼ ਲਾਉਣੇ ਲੋੜੀਂਦੇ ਹਨ:-

(ੳ) ਪੱਛੜੀ ਸ਼੍ਰੇਣੀ ਨਾਲ ਸਬੰਧਿਤ ਹੋਣ ਬਾਰੇ ਸਮਰੱਥ ਅਧਿਕਾਰੀ ਤੋਂ ਪੱਛੜੀ ਜਾਤੀ ਦਾ ਸਰਟੀਫਿਕੇਟ ਅਤੇ ਨਿਰਧਾਰਿਤ ਆਮਦਨ ਦੀ ਸੀਮਾ ਤੋਂ ਘੱਟ ਆਮਦਨ ਦਾ ਤਸਦੀਕ ਸ਼ੁਦਾ ਹਲਫੀਆ ਬਿਆਨ।

(ਅ) ਘੱਟ ਗਿਣਤੀ ਵਰਗ (ਸਿੱਖ, ਮੁਸਲਮਾਨ, ਇਸਾਈ, ਪਾਰਸੀ ਅਤੇ ਬੋਧੀ) ਨਾਲ ਸਬੰਧਤ ਵਿਅਕਤੀ ਨੂੰ ਘੱਟ ਗਿਣਤੀ ਵਰਗ ਨਾਲ ਸੰਬੰਧਤ ਹੋਣ ਬਾਰੇ ਅਤੇ ਨਿਰਧਾਰਿਤ ਆਮਦਨ ਦੀ ਸੀਮਾਂ ਤੋਂ ਘੱਟ ਆਮਦਨ ਦਾ ਤਸਦੀਕ ਸ਼ੁਦਾ ਹਲਫੀਆ ਬਿਆਨ।

(ੲ) ਕਰਜ਼ਾ ਲੈਣ ਲਈ ਆਪਣੀ ਜਾਂ ਜ਼ਾਮਨ ਦੀ ਜ਼ਮੀਨ/ਮਕਾਨ/ਪਲਾਟ ਦੀ ਗਰੰਟੀ।

(ਸ) ਕਰਜ਼ਾ ਲੈਣ ਦੇ ਚਾਹਵਾਨ ਵਿਅਕਤੀ ਦੀਆਂ ਤਿੰਨ ਤਸਦੀਕ ਸ਼ੁਦਾ ਫੋਟੋ।

**ਕਰਜ਼ੇ ਦੀ ਵਾਪਸੀ**

ਕਰਜ਼ਾ 5 ਸਾਲਾਂ ਵਿਚ 20 ਤਿਮਾਹੀ ਕਿਸ਼ਤਾਂ ਵਿਚ ਵਾਪਸ ਕੀਤਾ ਜਾਵੇਗਾ। ਕਰਜ਼ਾ ਸਮੇਂ ਸਿਰ ਵਾਪਸ ਨਾ ਕਰਨ ਦੀ ਸੂਰਤ ਵਿਚ ਬਕਾਇਆ ਰਹਿੰਦੀ ਰਕਮ ਤੇ 1% ਪ੍ਰਤੀ ਮਹੀਨਾ ਦੇ ਹਿਸਾਬ ਨਾਲ ਦੰਡ ਵਿਆਜ ਵਸੂਲਿਆ ਜਾਵੇਗਾ।

ਪੰਜਾਬ ਪੱਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਵਲੋਂ ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ.ਬੀ.ਸੀ.ਐਫ.ਡੀ.ਸੀ.) ਅਤੇ ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਐਨ.ਐਮ.ਡੀ.ਐਫ.ਸੀ.) ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੇਰਵਾ:–

**ਖੇਤੀਬਾੜੀ ਅਤੇ ਸਹਿਯੋਗੀ ਸੈਕਟਰ**

| ਲੜੀ ਨੰ. | ਸਕੀਮ ਦਾ ਨਾਮ | ਯੂਨਿਟ ਦੀ ਲਾਗਤ | ਵਿਆਜ ਦੀ ਦਰ |
|---|---|---|---|
| 1. | ਡੇਅਰੀ ਫਾਰਮਿੰਗ – 3 ਪਸ਼ੂ | 50,000/– ਰੁਪਏ | 0% |
| 2. | ਡੇਅਰੀ ਫਾਰਮਿੰਗ – 4 ਪਸ਼ੂ | 70,000/– ਰੁਪਏ | 6% |
| 3. | ਖੇਤੀਬਾੜੀ ਸੰਦ (ਫੈਬਰੀਕੇਸ਼ਨ) | 50,000/– ਰੁਪਏ | 6% |
| 4. | ਮੁਰਗੀ ਪਾਲਣ | 50,000/– ਰੁਪਏ ਤੋਂ 1,00,000/– ਰੁਪਏ | 6% |
| 5. | ਸਬਜ਼ੀਆਂ ਉਗਾਉਣਾ | 30,000/– ਰੁਪਏ ਤੋਂ 50,000/– ਰੁਪਏ | 6% |
| 6. | ਸ਼ਹਿਦ ਦੀਆਂ ਮੱਖੀਆਂ ਪਾਲਣਾ | 30,000/– ਰੁਪਏ ਤੋਂ 50,000/– ਰੁਪਏ | 6% |
| 7. | ਟੇਲਰਿੰਗ | 40,000/– ਰੁਪਏ | 6% |
| 8. | ਕਾਰਪੈਂਟਰੀ/ਫਰਨੀਚਰ ਸ਼ਾਪ/ਲੁਹਾਰ ਸ਼ਾਪ | 50,000/– ਰੁਪਏ | 6% |
| 9. | ਆਟਾ ਚੱਕੀ/ਕੋਹਲੂ | 50,000/– ਰੁਪਏ | 6% |
| 10. | ਆਟੋ ਰਿਕਸ਼ਾ 50,000 ਤੋਂ | 1,00,000/– ਰੁਪਏ | 6% |
| 11. | ਜਨਰਲ ਸਟੋਰ (ਕਰਿਆਨਾ/ਪਸ਼ੂ/ਮੁਰਗੀਆਂ ਦਾ ਚਾਰਾ) | 50,000/– ਰੁਪਏ | 6% |
| 12. | ਹਾਰਡਵੇਅਰ ਸਟੋਰ (ਸੈਨੇਟਰੀ ਅਤੇ ਬਿਲਡਿੰਗ ਮੈਟੀਰੀਅਲ ਲੋਹਾ ਆਦਿ) | 50,000/– ਰੁਪਏ ਤੋਂ 1,00,000/– ਰੁਪਏ | 6% |
| 13. | ਕਲਾਥ ਰੈਡੀਮੇਡ ਗਾਰਮੈਂਟ ਸ਼ਾਪ | 50,000/– ਰੁਪਏ ਤੋਂ 1,00,000/– ਰੁਪਏ | 6% |
| 14. | ਬੁੱਕਸ/ਸਟੇਸ਼ਨਰੀ ਦੀ ਦੁਕਾਨ | 50,000/– ਰੁਪਏ ਤੋਂ 1,00,000/– ਰੁਪਏ | 6% |
| 15. | ਆਟੋਮੋਬਾਇਲ ਰਿਪੇਅਰ/ਸਪੇਅਰ ਪਾਰਟਸ ਸ਼ਾਪ/ਸਾਈਕਲ ਸੇਲ ਅਤੇ ਰਿਪੇਅਰ | 50,000/– ਰੁਪਏ ਤੋਂ 1,00,000/– ਰੁਪਏ | 6% |
| 16. | ਇਲੈਕਟ੍ਰੋਨਿਕ/ਇਲੈਕਟਰੀਕਲ ਸੇਲ ਅਤੇ ਰਿਪੇਅਰ | 50,000/– ਰੁਪਏ ਤੋਂ 1,00,000/– ਰੁਪਏ | 6% |
| 17. | ਫੈਬਰੀਕੇਸ਼ਨ ਯੂਨਿਟ | 50,000/– ਰੁਪਏ ਤੋਂ 1,00,000/– ਰੁਪਏ | 6% |
| 18. | ਹੌਜ਼ਰੀ ਯੂਨਿਟ | 50,000/– ਰੁਪਏ ਤੋਂ | 6% |

| | | | |
|---|---|---|---|
| | | 1,00,000/- ਰੁਪਏ | |
| 19. | ਸਮਾਲ ਸਕੇਲ ਇੰਡਸਟਰੀਅਲ ਯੂਨਿਟ<br>(ਕੋਈ ਵੀ ਸਮਾਨ ਬਨਾਉਣ ਦਾ ਕਾਰੋਬਾਰ) | 50,000/- ਰੁਪਏ ਤੋਂ<br>1,00,000/- ਰੁਪਏ | 6% |

ਕਰਜ਼ਾ ਲੈਣ ਦੇ ਚਾਹਵਾਨ ਵਿਅਕਤੀ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਫੀਲਡ ਅਫ਼ਸਰ ਬੈਕਫਿੰਕੋ ਨਾਲ ਕਰਜ਼ਾ ਪ੍ਰਾਪਤ ਕਰਨ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹਨ।